ਦਫਤਰ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਹੈਡਕੁਆਟਰ ਪੰਜਾਬ,
ਐਸ.ਸੀ.ਓ ਨੰਬਰ 60-61, ਸੈਕਟਰ-17 ਡੀ, ਚੰਡੀਗੜ੍ਹ

ਸਰਕੂਲਰ ਨੰਬਰ: 10/2018

ਵਿਸ਼ਾ:-ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਸਬੰਧੀ ਕੁਝ ਦਿਸ਼ਾ ਨਿਰਦੇਸ਼ ।

ਵਿਜੀਲੈਂਸ ਬਿਊਰੋ, ਪੰਜਾਬ ਦੇ ਅਧਿਕਾਰੀਆਂ ਨੂੰ ਆਪਣੇ ਦਫਤਰੀ ਕੰਮ-ਕਾਰ ਦੇ ਨਾਲ-ਨਾਲ ਭਰੋਸੇਯੋਗ ਸੂਚਨਾਵਾ ਜਿਵੇ ਕਿ ਭ੍ਰਿਸ਼ਟਾਚਾਰ, ਸਰਕਾਰੀ ਅਹੁਦੇ ਦੀ ਦੁਰਵਰਤੋਂ, ਵਿੱਤ ਤੋਂ ਵੱਧ ਜਾਇਦਾਦ, ਸਰਕਾਰੀ ਫੰਡਾਂ ਦੀ ਦੁਰਵਰਤੋ ਕਰਨ, ਅਤੇ ਹੋਰ ਗੰਭੀਰ ਆਰਥਿਕ ਅਪਰਾਧਾਂ ਅਤੇ ਭ੍ਰਿਸਟਾਚਾਰ ਨਾਲ ਸਬੰਧਤ ਮਹੱਤਵਪੂਰਣ ਸੂਚਨਾਵਾਂ ਵੀ ਇਕੱਤਰ ਕਰਨੀਆਂ ਲਾਜ਼ਮੀ ਹਨ।

2. ਵਿਜੀਲੈਂਸ ਬਿਉਰੋ, ਹੈਡਕੁਆਟਰ ਵੱਲੋਂ ਇਹ ਪ੍ਰੇਖਣ ਕੀਤਾ ਗਿਆ ਹੈ ਕਿ ਅਧਿਕਾਰੀਆਂ ਵੱਲੋਂ ਅਜਿਹੀਆਂ ਕੁਝ ਸੋਰਸ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆ ਹਨ ਜੋ ਝੂਠੀਆਂ ਅਤੇ ਪ੍ਰੇਰਿਤ ਹੁੰਦੀਆਂ ਹਨ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਵਿਜੀਲੈਂਸ ਇੰਨਕੁਆਰੀ ਦਰਜ ਕਰਨ ਤੋਂ ਬਾਅਦ ਪੜਤਾਲ ਦੇ ਸਮੇਂ ਸੋਰਸ ਰਿਪੋਰਟ ਵਿੱਚ ਲਗਾਏ ਦੋਸ਼ ਸਿੱਧ ਨਹੀ ਹੁੰਦੇ। ਇਸ ਤਰਾਂ ਪ੍ਰੇਰਿਤ ਅਤੇ ਝੂਠੀਆਂ ਸੋਰਸ ਰਿਪੋਰਟਾਂ ਦੇ ਨਤੀਜੇ ਵਜੋਂ ਸ਼ੱਕੀ ਅਧਿਕਾਰੀਆਂ ਨੂੰ ਬੇਲੋੜੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

3. ਵਿਜੀਲੈਂਸ ਬਿਉਰੋ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹੇਠ ਦਰਸਾਏ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ:-

i. ਸੋਰਸ ਰਿਪੋਰਟ ਪੂਰੀ ਸਾਵਧਾਨੀ ਨਾਲ ਤਿਆਰ ਕੀਤੀ ਜਾਵੇਗੀ ਨਾ ਕਿ ਨਿਜੀ ਪੱਖਪਾਤ, ਮੰਦਭਾਵਨਾ, ਵੈਰ ਵਿਰੋਧ ਅਤੇ ਹੋਰ ਗੁੱਝੇ ਮਨੋਰਥ ਨਾਲ ਤਿਆਰ ਕੀਤੀ ਜਾਵੇਗੀ। ਇਹ ਦਿਸ਼ਾ ਨਿਰਦੇਸ਼ ਜਾਰੀ ਹੋਣ ਦੀ ਮਿਤੀ ਤੋਂ ਸੋਰਸ ਰਿਪੋਰਟ ਨੂੰ ਸੋਰਸ ਇਨਫਰਮੇਸ਼ਨ ਰਿਪੋਰਟ (S.I.R.) ਕਿਹਾ ਜਾਵੇਗਾ।

ii. ਵਿਜੀਲੈਂਸ ਬਿਉਰੋ ਦੇ ਸਮੂਹ ਤਫਤੀਸ਼ੀ ਅਤੇ ਨਿਗਰਾਨ ਅਧਿਕਾਰੀ ਇਹ ਯਕੀਨੀ ਬਣਾਉਣਗੇ ਕਿ ਕੇਵਲ ਤੱਥਾਂ ਤੇ ਆਧਾਰਿਤ ਵਿਸ਼ੇਸ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕੀਤੀ ਜਾਵੇਗੀ।

iii. ਇੰਸਪੈਕਟਰ ਅਤੇ ਇਸ ਤੋਂ ਉਪਰ ਦੇ ਰੈਂਕ ਦੇ ਅਧਿਕਾਰੀਆਂ ਨੂੰ ਭਰੋਸੇਯੋਗ ਤੱਥਾਂ ਦੇ ਆਧਾਰ ਪਰ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕਰਨ ਦਾ ਅਧਿਕਾਰ ਦਿਤਾ ਜਾਂਦਾ ਹੈ। ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕਰਨ ਵਾਲਾ ਅਧਿਕਾਰੀ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕਰਨ ਤੋ ਪਹਿਲਾਂ ਸਬੰਧਤ ਰੇਂਜ ਦੇ ਐਸ.ਐਸ.ਪੀ. ਪਾਸੋ ਲਿਖਤੀ/ਜੁਬਾਨੀ ਪ੍ਰਵਾਨਗੀ ਹਾਸਲ ਕਰੇਗਾ ਅਤੇ ਪ੍ਰਵਾਨਗੀ ਮਿਲਣ ਉਪਰੰਤ ਹੀ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕਰੇਗਾ।

iv. ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕਰਨ ਤੋਂ ਪਹਿਲਾਂ ਸਬੰਧਤ ਅਧਿਕਾਰੀ ਇਹ ਤਸਦੀਕ ਕਰੇਗਾ ਕਿ ਉਸ ਨੂੰ ਸੂਚਨਾ ਦੇਣ ਵਾਲੇ ਵਿਅਕਤੀ ਪਾਸੋ ਸਹੀ ਤੱਥਾਂ ਤੇ ਅਧਾਰਿਤ ਸੂਚਨਾ ਹਾਸਲ ਹੋਈ ਹੈ, ਇਸ ਸਬੰਧੀ ਲੋੜੀਦੇ ਦਸਤਾਵੇਜ ਹਾਸਲ ਕਰਕੇ ਅਤੇ ਇਸ ਬਾਰੇ ਸੰਤੁਸ਼ਟ ਹੋਣ ਉਪਰੰਤ ਹੀ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਅਗਲੇਰੀ ਕਾਰਵਾਈ ਲਈ ਪੇਸ਼ ਕੀਤੀ ਜਾਵੇਗੀ।

4. ਵਿਜੀਲੈਂਸ ਬਿਉਰੋ ਦੇ ਅਧਿਕਾਰੀਆਂ ਵੱਲੋਂ ਕਾਰਵਾਈ ਕਰਨ ਤੇ ਬਾਅਦ ਇਹ ਲਿਖਤੀ ਤੌਰ ਤੇ ਉਚ ਅਧਿਕਾਰੀਆਂ ਜਿਵੇਂ ਕਿ ਰੇਂਜ ਐਸ.ਐਸ.ਪੀ. ਜਾਂ ਏ.ਆਈ.ਜੀ., ਵਿਜੀਲੈਂਸ ਬਿਉਰੋ, ਫਲਾਇੰਗ ਸੁਕਾਡ-1 ਜਾਂ ਐਸ.ਐਸ.ਪੀ., ਵਿਜੀਲੈਂਸ ਬਿਉਰੋ ਆਰਥਿਕ ਅਪਰਾਧ ਸ਼ਾਖਾ ਨੂੰ ਘਪਲੇ ਅਤੇ ਭ੍ਰਿਸ਼ਟਾਚਾਰ ਦੇ ਤੱਥਾਂ ਤੇ ਆਧਾਰਿਤ ਵੇਰਵਾ ਅਤੇ ਉਪਬੰਧ ਦਸਤਾਵੇਜਾਂ ਦੀਆਂ ਇੱਕਤਰ ਕੀਤੀਆਂ ਕਾਪੀਆਂ ਵੀ ਨਾਲ ਦਿਤੀਆਂ ਜਾਣਗੀਆਂ ਸਬੰਧਤ ਨਿਗਰਾਨ ਅਧਿਕਾਰੀ ਸੰਤੁਸ਼ਟ ਹੋਣ ਉਪਰੰਤ ਇਸ ਵਿੱਚ ਪ੍ਰਤੱਖ ਤੌਰ ਤੇ ਪਹਿਲੀ ਨਜਰੇ ਵਿਜੀਲੈਂਸ ਬਿਉਰੋ ਵੱਲੋਂ ਇਹ ਕਾਰਵਾਈ ਕੀਤੀ ਜਾ ਸਕਦੀ ਹੈ, ਆਪਣੀ ਖਾਸ ਟਿਪਣੀ/ਸਿਫਾਰਸ਼ਾਂ ਨਾਲ ਸਬੰਧਤ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਉਰੋ ਦੇ ਪੇਸ਼ ਕਰਨਗੇ ਜੋ ਸਾਰੀ ਰਿਪੋਰਟ/ਦਸਤਾਵੇਜ ਬਾਕਾਇਦਾ ਤੌਰ ਤੇ ਮੁਆਇਨਾ ਕਰਨ ਉਪਰੰਤ ਮੁੱਖ ਡਾਇਰੈਕਟਰ ਵਿਜੀਲੈਂਸ ਬਿਉਰੋ, ਪੰਜਾਬ ਨੂੰ ਅੰਤਿਮ ਹੁਕਮਾਂ ਲਈ ਭੇਜਣਗੇ।

37 10 -2-

5\. ਸੋਰਸ ਇੰਫਰਮੇਸ਼ਨ ਰਿਪੋਰਟ (S.I.R.) "ਗੁਪਤ" ਦਸਤਾਵੇਜ ਦੇ ਤੌਰ ਪਰ ਦਰਜਾਬੰਦੀ ਹੋਣੀ ਚਾਹੀਦੀ ਹੈ ਅਤੇ ਹਮੇਸਾਂ ਮੋਹਰਬੰਦ ਲਿਫਾਫੇ ਵਿੱਚ ਸਮਰੱਥ ਅਧਿਕਾਰੀ ਨੂੰ ਭੇਜੀ ਜਾਵੇਗੀ।

6\. ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤੇ ਕੋਈ ਇੰਨਕੁਆਰੀ ਦਰਜ ਹੋਣ ਉਪਰੰਤ ਇਸ ਦੀ ਅਗਲੇਰੀ ਵੈਰੀਫਿਕੇਸ਼ਨ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਤਿਆਰ ਕਰਨ ਵਾਲੇ ਅਧਿਕਾਰੀ ਤੋਂ ਇਲਾਵਾ ਕਿਸੇ ਹੋਰ ਅਧਿਕਾਰੀ ਨੂੰ ਸੌਂਪੀਂ ਜਾਵੇਗੀ।

7\. ਭਵਿਖ ਵਿੱਚ ਜੇਕਰ ਕਿਸੇ ਸੋਰਸ ਇੰਫਰਮੇਸ਼ਨ ਰਿਪੋਰਟ (S.I.R.) ਵਿੱਚ ਲਗਾਏ ਦੋਸ਼ ਵੈਰੀਫਿਕੇਸ਼ਨ ਦੌਰਾਨ ਸਿੱਧ ਨਹੀ ਹੁੰਦੇ, ਬੇ-ਬੁਨਿਆਦ ਅਤੇ ਬਦਨਿਅਤ ਨਾਲ ਤਿਆਰ ਕੀਤੇ ਪਾਏ ਜਾਂਦੇ ਹਨ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ।

ਸਹੀ/-
ਜੀ.ਨਾਗੇਸ਼ਵਰ ਰਾਓ, ਆਈ.ਪੀ.ਐਸ
ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।

ਨੰਬਰ: 19648-68/ਵਬ/ਐਸ-3 ਮਿਤੀ : 01-6-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਦਾ ਹੈ :-

1. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
2. ਇੰਸਪੈਕਟਰ ਜਨਰਲ ਪੁਲਿਸ,ਅ.ਅ.ਸ਼ਾਖਾ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
3. ਸੰਯੁਕਤ ਡਾਇਰੈਕਟਰ, ਕਰਾਇਮ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
4. ਸੰਯੁਕਤ ਡਾਇਰੈਕਟਰ, ਪ੍ਰਾਸੀਕਿਉਸ਼ਨ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
5. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ-1, ਯੂਨਿਟ-1, ਪੰਜਾਬ, ਚੰਡੀਗੜ੍ਹ।
6. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਅ.ਅ.ਸਾਖਾ ਯੂਨਿਟ-2 ਪੰਜਾਬ, ਚੰਡੀਗੜ੍ਹ।
7. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਅਮ੍ਰਿਤਸਰ।
8. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਜਲੰਧਰ।
9. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਲੁਧਿਆਣਾ।
10. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ।
11. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਿਰੋਜਪੁਰ।
12. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਬਠਿੰਡਾ
13. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਐਸ.ਏ.ਐਸ ਨਗਰ।
14. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ.ਅ.ਸਾਖਾ ਹੈਡਕੁਆਟਰ ਲੁਧਿਆਣਾ।
15. ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਫਸ-1, ਯੂਨਿਟ-3, ਪੰਜਾਬ ਚੰਡੀਗੜ੍ਹ।
16. ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ.ਅ.ਸਾਖਾ ਯੂਨਿਟ-3, ਜਲੰਧਰ।
17. ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ.ਅ.ਸਾਖਾ ਯੂਨਿਟ-4, ਪਟਿਆਲਾ।
18. ਸੁਪਰਡੈਂਟ ਕਰਾਇਮ-1, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
19. ਸੁਪਰਡੈਂਟ ਕਰਾਇਮ-2, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
20. ਪੀ.ਏ.ਟੂ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
21. ਪੀ.ਏ.ਟੂ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।

ਸੰਯੁਕਤ ਡਾਇਰੈਕਟਰ/ਐਡਮਨ,
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।

2/2